ਟੈਪ ਦਾ ਛਾਪਾ

ਵਿਯਾਹ ਸ਼ਿਵਜੀ

ਜੋ

ਰਾਇ ਸਾਹਿਬ ਮੁਨਸ਼ੀ ਗੁਲਾਬ
ਸਿੰਘ ਐਂਡ ਸਨਜ਼

ਨੇ

ਅਪਨੇ ਮੁਫ਼ੀਦਆਮ ਪ੍ਰੇਸ
ਲਾਹੌਰ ਵਿੱਚ ਛਾਪਿਆ

ਸੰਮਤ ਨਾਨਕਸ਼ਾਹੀ ੪੩੦

੧ਓਸਤਿਗੁਰਪ੍ਰਸਾਦਿ ॥

ਅਲਫ ਆਦੋਂ ਨਾਥ ਕਹਾਵੇ ਸ਼ਿਵ ਸ਼ੰਭੂ
ਬੈਲ ਵਾਲਾ ਓਢੇ ਮ੍ਰਿਗਛਾਲਾ ॥ ਰਿਧਿ ਸਿੱਧਿ
ਨੌ ਨਿੱਧਿ ਦੇਂਵਦਾ ਜੋ ਸਿਮਰੇ ਤੱਤ ਕਾਲਾ ਰਖੇ
ਸੁਖਾਲਾ॥ ਮਥੇ ਚੰਦ੍ਰਮਾਂ ਅਦਭੁਤ ਸੁੰਦਰ ਗਲ
ਰੁੰਡਨ ਕੀ ਮਾਲਾ ਨਾਗ ਹੈ ਕਾਲਾ ॥ ਨਾਗਰ
ਰਾਮ ਵਿਆਹਆਖਦਾਕਰਸ਼ਿਵਜੀਪ੍ਰਤਿਪਾਲਾ
ਹੋਇ ਦਇਆਲਾ ॥ ੧ ॥ ਅਲਫ਼ ਆਦ
ਹਿਮੰਚਲ ਦੇ ਘਰ ਜਨਮ ਕੰਨਜਾਂ ਪਾਇਆ
ਗੁਨੀਏਗਾਇਆ॥ ਸਦ ਵਸਿਸ੍ਰਹਿਮੰਚਲਰਾਜੇ
ਚਰਨੀ ਸੀਸ ਨਿਵਾਇਆ ਸੁਖਨ ਸੁਨਾਇਆ
॥ਗੁੜ ਦੀ ਰੋੜੀ ਰੋਕ ਰੁਪਧਾਪਾਸ ਵਸਿਸ੍ਰਦੇ

ਲਿਆਇਆ ਵੇਦ ਖੁਲਾਇਆ ॥ ਨਾਗਰਰਾਮ
ਰਾਜੇ ਦੇ ਆਗੇ ਸੁਖਨ ਤਾਂ ਇੱਕ ਸੁਨਾਇਆ ਜੋ
ਦਿਲ ਆਇਆ ॥ ੨ ॥ ਬੇ ਬਸਿਸ਼੍ਟ ਬੋਲੇ ਸੁਨ
ਰਾਜਾ ਪੁ[illegible]ੀ ਨਾ ਕਰ ਜਾਨੀ ਹੋਸ਼ ਪਛਾਨੀ ॥ ਤੀਨ
ਲੋਕ ਜੋ ਇਸ ਨੂੰ ਧਿਆਵਨ ਲਿਖਿਆ ਬੇਦ
ਪੁਰਾਨੀ ਸਚ ਕਰ ਜਾਨੀ ॥ ਬ੍ਰਹਮਾ ਬਿਸ਼ਨ
ਮਹੇਸ਼ ਸੇਂਵਦੇ ਬਡੇ ਬਡੇਰਜਧਾਨੀ ਬ੍ਰਹਮਗਿ-
ਆਨੀ ॥ ਨਾਗਰਰਾਮ ਰਖ ਨਾਮ ਗੌਰਜਾਂ ਕਹਿ
ਗਏ ਰਿਖੀ ਜ਼ੁਬਾਨੀ ਹੋਇ ਸੈਲਾਨੀ ॥ ੩ ॥
ਤੇ ਤੀਨ ਬਰਸ ਕੀ ਭਈ ਗੌਰਜਾਂ ਭਜਨ
ਸ਼ਿਵਾਂਦਾ ਕਰਦੀ ਸੰਕਟ ਹਰਦੀ ॥ ਚਾਰ ਬਰਸ ਦੀ
ਭਈ ਗੌਰਜਾਂ ਚਾਰੇ ਬੇਦ ਉਚਰਦੀ ਮੁਖਸੇ
ਪੜ੍ਹਦੀ ॥ ਪਾਂਚ ਬਰਸ ਕੀ ਭਈ ਗੌਰਜਾਂ ਧਜਾਨ
ਸ਼ਿਵਾਂਦਾ ਧਰਦੀ ਭੌਜਲ ਤਰਦੀ ॥ ਨਾਗਰਰਾਮ

ਨਿੱਤ ਭਜੇ ਗੌਰਜਾਂ ਮਾਲਾ ਹੱਥ ਵਿਚ ਫੜਦੀ ਝਬਦੇ ਕਰਦੀ ॥ ੪ ॥ ਸੇ ਸਾਤ ਬਰਸ ਕੀ ਭਈ ਗੌਰਜਾਂ ਰਾਣੀ ਬਾਗ ਬਹਾਰੀ ਮੁਖੋਂ ਉਚਾਰੀ॥ ਮੇਰੀ ਗੌਰਜਾਂ ਵਰ ਲਾਇਕ ਹੈ ਰਾਜਾ ਕਰੋ ਤਿਆਰੀ ਆਖੇ ਨਾਰੀ ॥ ਰਾਜੇ ਦੇ ਦਿਲ ਚਿੰਤਾ ਉਪਜੀ ਸੁਧ ਬੁਧ ਸਭ ਹਾਰੀ ਗਈ ਗੁਬਾਰੀ ॥ ਨਾਗਰ ਰਾਮ ਜੋ ਵਰ ਲਾਇਕ ਹੈ ਗੌਰਾਂ ਭਈ ਹਮਾਰੀ ਦਿਲ ਵਿਚ ਧਾਰੀ॥੫॥ ਸੀਮ ਜਾਇ ਹਿਮੰਚਲ ਰਾਜੇ ਬਿੱਪ੍ਰ ਤਾਂਈ ਸਦ-ਵਾਇਆ ਪਾਸ ਬਹਾਇਆ ॥ ਵਰ ਗੌਰਾਂ ਦਾ ਢੂੰਡੋ ਬ੍ਰਾਹਮਣ ਰਾਜੇ ਇਹ ਫੁਰਮਾਯਾ ਆਖ ਸੁਣਾਯਾ॥ ਸੱਤ ਬਚਨ ਕਰ ਤੁਰਿਆ ਬ੍ਰਹਮਣ ਉੱਤਰ ਦਿਸ਼ਾ ਵਲ ਧਾਇਆ ਪੱਛਮ ਆਇਆ ॥ ਨਾਗਰ ਰਾਮ ਚੌਕੂਟੀਂ ਭਵਿਅ ਵਰ ਘਰ

ਕਿਤੇ ਨ ਪਾਇਆ ਪਿੱਛੇ ਧਾਇਆ ॥ ੬ ॥ ਹੇ
ਹਿਮੰਚਲ ਰਾਜਾ ਅੱਗੇ ਬ੍ਰਹਮਣ ਆਖ ਸੁਨਾਵੇ
ਜੋ ਦਿਲ ਆਵੇ ॥ ਦੱਖਣ ਢੂੰਡੇ ਪੱਛਮ ਢੂੰਡੇ ਵਰ
ਘਰ ਕਿਤੇ ਨ ਪਾਵੇ ਮੁੜ ਘਰ ਆਵੇ॥ ਰਾਜਾ ਸੋਚ
ਵਿਚਾਰ ਕਰੇਂਦਾ ਕੁਝ ਸਿਰ ਪੈਰ ਨ ਆਵੇ ਲੈਂਦਾ
ਹਾਵੇ ॥ ਨਾਗਰ ਰਾਮ ਜਦ ਸੁਨਿਆ ਗੌਰਾਂ ਨੇ
ਬਿਪ੍ਰ ਤ੍ਰਾਈ ਸਦਵਾਵੇ ਪਾਸ ਬਹਾਵੇ ॥ ੭ ॥
ਖੇ ਖੋਹਲ ਹਕੀਕਤ ਆਖੇ ਗੌਰਾਂ ਬਾਤ ਕਿਤੇ
ਨਾ ਕਰੀਓ ਦਿਲ ਮਹਿ ਧਰੀਓ॥ਪਾਤੀ ਲੈ ਜਾ
ਪਾਸ ਸ਼ਿਵਾਂ ਦੇ ਜਾ ਕੈਲਾਸ ਪਰ ਚੜ੍ਹੀਓ ਮੂਲ
ਨ ਡਰੀਓ ॥ ਉਸ ਦੇ ਨਾਲ ਸੰਜੋਗ ਹਮਾਰਾ
ਸੀਸ ਚਰਨ ਪਰ ਧਰੀਓ ਬਿਨਤੀ ਕਰੀਓ ॥
ਨਾਗਰ ਰਾਮ ਹੱਥ ਜੋੜ ਬ੍ਰਹਮਣ ਜਾ ਅਧੀਨ
ਗੀ ਫੜੀਓ ਇਹ ਕੰਮ ਕਰੀਓ ॥ ੮ ॥ ਦਾਲ

ਦਲੀਲਾਂ ਕਰੇ ਬ੍ਰਹਮਨ ਉਠ ਪਹਾੜ ਨੂੰ ਜਾਵੇ
ਜੋ ਦਿਲ ਆਵੇ ॥ ਅੱਗੇ ਸ਼ਿਵਜੀ ਬੈਠਾ ਡਿੱਠਾ
ਚਰਨੀ ਸੀਸ ਨਿਵਾਵੇ ਵਾਕ ਸੁਨਾਵੇ॥ ਸੱਤ ਛੁਹਾਰੇ
ਇਕ ਰੁਪਈਯਾ ਸ਼ਿਵ ਦੇ ਪੱਲੇ ਪਾਵੇ ਸ਼ਗਨ ਵਿਖਾ
ਵੇ॥ ਨਾਗਰ ਰਾਮ ਗੌਰਾਂ ਦਾ ਬ੍ਰਹਮਨ ਸਭ ਵਿਰਤੰਤ
ਸੁਨਾਵੇ ਦੇਰ ਨਾ ਾਵੇ॥ ੯ ॥ ਜਾਲ ਜਵਾਬ
ਸ਼ਿਵਾਨੇ ਦਿੱਤਾ ਵੂੰਡੋ ਰਾਜਕੁਮਾਰਾ ਦੌਲਤ ਵਾਰਾ ॥
ਮੈਂ ਫ਼ਕੀਰ ਜੰਗਲ ਕਾ ਬਾਸੀ ਨਾਗ ਰਖਦਾ ਭਾਰਾ
ਬਹੁਤ ਅਪਾਰਾ॥ ਅੱਕ ਧਤੂਰਾ ਭੰਗ ਬਸੂਟੀ
ਏਹੀ ਖਾਜ ਹਮਾਰਾ ਝੋਲੀ ਡਾਰਾ॥ ਨਾਗਰ ਰਾਮ
ਸ਼ਿਵਜੀ ਕੇ ਆਗੇ ਬ੍ਰਹਮਨ ਬਚਨ ਉਚਾਰਾ
ਸੁਖਨ ਕਰਾਰਾ॥ ੧੦ ॥ ਰੇ ਰਾਜੇ ਨੇ ਭੇਜਿਆ
ਸਾਨੂੰ ਗੌਰਾਂ ਲਾਇਕ ਤੁਮਾਰੀ ਸ਼ਿਵ ਭੰਡਾਰੀ
ਥ ਜੋੜ ਮੈਂ ਕਰਾਂ ਬੇਨਤੀ ਰਾਖੋ ਲਾਜ ਹਮਾਰੀ

ਸਰਨ ਤੁਮਾਰੀ॥ ਜੋ ਕੁਛ ਲਿਖਿਆ ਵਿਧ ਮਾਤਾ
ਨੇ ਟਲਦੀ ਨਹੀਓਂ ਟਾਰੀ ਹੋਵਨ ਹਾਰੀ॥
ਨਾਗਰਰਾਮਸ਼ਿਵਜੀ ਕੇ ਆਗੇ ਬ੍ਰਹਮਨ ਅਰਜ਼
ਗੁਜ਼ਾਰੀ ਸੁਨੀਓ ਸਾਰੀ ॥ ੧੧ ॥ ਜੇ ਜਦੋਂ
ਦਿਆਲ ਹੋਏ ਸ਼ਿਵ ਸ਼ੰਭੂ ਗੋਬਰ ਤੁਰਤ ਮੰਗਾ-
ਇਆ ਚੌਂਕਾ ਪਾਇਆ॥ਸ਼ਿਵਜੀ ਪਾਸ ਬਠਾਇ
ਬ੍ਰਹਮਣ ਆਟੇ ਚੌਂਕ ਪੁਰਾਇਆ ਸਗਨ
ਮਨਾਇਆ ॥ ਸੱਤ ਛੁਹਾਰੇ ਇਕ ਰੁਪੱਯਾ
ਸ਼ਿਵਦੀ ਝੋਲੀ ਪਾਇਆ ਤਿਲਕ ਚੜ੍ਹਾਇਆ
॥ ਨਾਗਰ ਰਾਮ ਫਾਗਨ ਦੀ ਚੌਦਸ ਸਾਹਾ ਆਪ
ਸੁਧਾਇਆ ਰੁਖਸਦ ਪਾਇਆ॥ ੧੨ ॥ ਸੀਨ
ਸਿਵਾਂ ਨੇ ਕਹਿਆ ਬ੍ਰਹਮਣ ਦੌਲਤ ਨਹੀਂ ਭੰਡਾਰੇ
ਪਾਸ ਹਮਾਰੇ ॥ ਅੱਕ ਧਤੂਰਾ ਭੰਗ ਬਸੂਟੀ
ਜ਼ਹਿਰੀ ਨਾਗ ਹਨ ਕਾ ਸ਼ਲਕਾਂ ਮਾਰੇ॥ਰੁੰਡ

ਮਾਲਾ ਤੂੰ ਲੈਜਾ ਬ੍ਰਹਮਣ ਕੂੰਡੇ ਸੋਟੇ ਸਾਰੇ
ਸਮਝ ਪਿਆਰੇ॥ ਨਾਗਰ ਰਾਮ ਤੂ ਲੈਜਾ ਬ੍ਰਹ
ਮਣ ਆਵਨ ਕਾਮ ਤੁਮਾਰੇ ਫਨੀਅਰ ਕਾਰੇ
॥ ੧੩ ॥ ਸੀਨ ਸਿਵਾਂ ਨੂੰ ਕਹਿਆ ਬ੍ਰਹਮਣ
ਅੱਕ ਧਤੂਰਾ ਖਾਵੇ ਹੋਸ ਭੁਲਾਵੇ॥ਜ਼ਹਰੀਨਾਗ
ਤੂੰ ਗਲ ਦਾ ਦੱਸੇਂ ਮੈਨੂੰ ਵਢ ਵਢਖਾਵੇਡੇਰਨਾ
ਲਾਵੇ॥ ਰੁੰਡ ਮਾਲ ਅਧ ਸੈਨਾਦੀਆ ਸਿੰਗਾਂ ਤੇ
ਡਰ ਆਵੇ ਮਾਰ ਗਵਾਵੇ॥ ਨਾਗਰ ਰਾਮ ਇਹ
ਕੁੰਡਾ ਕੁਤਕਾ ਤੇਰੇ ਪਾਸ ਸੁਹਾਵੇ ਸੋਭਾ ਪਾਵੇ
॥੧੪॥ਸੁਵਾਦ ਸ਼ਿਵਾਂਨੇ ਆਗਯਾ ਕੀਨੀ ਉਸ
ਬ੍ਰਹਮਨ ਕੇਤਾਈਂ ਕੁਛਲੈਜਾਈਂ॥ ਝੋਲੀ ਭਰ
ਬਿਭੂਤ ਉਠ ਤੁਰਿਆ ਇਸਥੀਂਵਸਤਸਵਾਈ
ਘਰ ਲੈ ਜਾਈ॥ ਲੈ ਬਿਭੂਤ ਉਠ ਤੁਰਿਆ
ਬ੍ਰਹਮਨ ਮਨ ਮੇ ਕਰੇ ਸਲਾਹੀਂ ਪੈਕੇ ਰਾਹੀਂ॥

ਨਾਗਰ ਰਾਮ ਬ੍ਰਹਮਨ ਦੇ ਦਿਲ ਵਿਚ ਚੁਕੀ ਖ਼ਾਕ ਨਾ ਜਾਈ ਮੇਰੇ ਪਾਹੀ ॥ ੧੫ ॥ ਜ਼ੁਵਾਦ ਜਾਨ ਕੇ ਖ਼ਾਕ ਬ੍ਰਹਮਣ ਚੁਕ ਜਿਮੀ ਪਰਮਾਰੀ ਚੁਕ ਖਿਲਾਰੀ॥ ਜਬ ਜ਼ਮੀਨ ਵਲ ਦੇਖੇ ਬ੍ਰਹਮਨ ਮੋਤੀ ਚਮਕਨਿਆਰੀ ਦੌਲਤ ਵਾਰੀ॥ਜੇ ਮੈਂ ਜਾਨਦਾ ਖ਼ਾਕ ਐਸੀ ਹੈ ਪੰਡ ਬੰਨਦਾ ਭਾਰੀ ਬੇਸੁਮਾਰੀ॥ ਨਾਗਰ ਰਾਮ ਦਲਿਦਰ ਜਾਂਦਾ ਉਮਰ ਬੀਤਦੀ ਸਾਰੀ ਜੋ ਇਕਵਾਰੀ॥੧੬॥ ਤੋਇ ਤਮਾਮ ਜਦ ਦੌਲਤ ਦੇਖੀ ਬ੍ਰਹਮਨ ਢੇਰੀ ਲਾਈ ਪੱਲੇ ਪਾਈ ॥ ਖ਼ੁਸੀ ਨਾਲ ਉਠ ਤੁਰਿਆ ਬ੍ਰਹਮਣ ਕਰਕੇ ਲੰਬੀ ਧਾਈ ਮਜਲ ਸਵਾਈ ॥ ਕਰ ਅਸੀਸ ਰਾਜੇ ਨੂੰ ਕਹਿੰਦਾ ਆਇਆ ਕਰ ਕੁੜਮਾਈ ਆਖ ਸੁਣਾਈ ॥ ਨਾਗਰ ਰਾਮ ਜੋ ਦਿਲ ਖੁਸ਼ੀ ਹੋਈ ਨੌਬਤ ਚਾ ਧਰਵਾਈ ਖ਼ੁਸ਼ੀ

ਮਨਾਈ॥ ੧੭॥ ਜ਼ੋਇ ਜਦੋਂ ਹਲਵਾਈ ਸ਼ਹਿਰ
ਦੇ ਰਾਜੇ ਸੱਦ ਬੁਲਾਏ ਇਕਤ੍ਰ ਕਰਾਏ ॥ ਭਾਂਤ
ਭਾਂਤ ਦੀ ਕਰੋ ਮਿਠਾਈ ਕੋਠੇ ਲਏ ਭਰਾਏ
ਅੰਤ ਨ ਪਾਏ ॥ ਭਲਕੇ ਆਵਨੀ ਜੰਞ ਗੌਰਾਂ ਦੀ
ਸਭ ਸਾਮਾਂਨ ਕਰਾਏ ਅਕਲ ਦੁੜਾਏ ॥
ਨਾਗਰ ਰਾਮ ਰਾਜੇ ਦਿਲ ਖ਼ੁਸ਼ੀਆਂ ਜਾਮੇਂ ਨਹੀ
ਸਮਾਏ ਖ਼ੁਸ਼ੀ ਮਨਾਏ ॥ ੧੮ ॥ ਐਨ ਆਨਕੇ
ਬੈਠਾ ਨਾਦੀਏ ਤਾੜੀ ਤੁਰਤ ਖੁਲਾਈ ਦੇਰ ਨਾ
ਲਾਈ॥ ਅੱਜ ਵਿਵਾਹ ਤੁਮਾਰਾ ਸਿਵ ਜੀ ਇਤਨੀ
ਦੇਰ ਕਿਉਂ ਲਾਈ ਦਿਨ ਨ ਰਹਾਈ ॥ ਸੱਤ
ਸੈ ਕੋਹਾਂ ਪੰਧ ਚੱਲਨਾ ਕਰਕੇ ਲੰਮੀ ਧਾਈ
ਮਜਲ ਸਵਾਈ ॥ ਨਾਗਰ ਰਾਮ ਇਕ ਆਖ
ਫੇਰ ਵਿਚ ਬਾਰ ਝੌਂਪੜੀ ਪਾਈ ਧਣੀ ਲਾਈ
॥ ੧੯ ॥ ਗ਼ੈਨ ਗੌਰਾਂ ਦੀਆਂ ਸਤ ਸਹੇਲੀਆਂ

ਦੇਖਨ ਨੂੰ ਚਲ ਆਈਆਂ ਬਾਗ ਸਿਧਾਈਆਂ॥ ਆਗੇ ਸ਼ਿਵਜ਼ੀ ਬੈਠਾ ਡਿੱਠਾ ਓਧਰ ਨੂੰ ਉਠ ਧਾਂਈਆਂ ਬਹੁ ਮੁਸਕਾਈਆਂ॥ ਇਥੇ ਆਵਨੀ ਜੰਜ ਹਮਾਰੀ ਤੈਂ ਕਿਉਂ ਧੂਨੀਆਂ ਲਾਈਆ ਵਾਂਗ ਸੁਦਾਈਆਂ॥ਨਾਗਰਰਾਮਹੁੜਜਾਵੇਬੁਢਾ ਕਿਸਨੂੰ ਦੇਵੇ ਦੁਹਾਈਆਂ ਸੁਨੀ ਗੁਸਾਈਆਂ॥ ੨੦॥ ਫੇਰ ਬੋਲੇ ਸ਼ਿਵਸ਼ੰਭੂ ਮੁੜਕੇ ਢੂੰਢੇ ਰਾਜ ਦੁਆਰਾਦੌਲਤਵਾਰਾ॥ ਮੈਂ ਫਕੀਰ ਜੰਗਲਕਾ ਬਾਸੀ ਨਾਗੋਂਕਾ ਰਖਵਾਰਾ ਬਹੁਤ ਪਿਆਰਾ॥ ਪਾਂਚ ਸਖੀ ਕੋ ਕਮਲੀ ਕਰਕੇ ਸਿਰ ਪਰ ਜਾਦੂ ਡਾਰਾ ਪੰਚ ਕੋ ਤਾਰਾ॥ ਨਾਗਰ ਰਾਮ ਬਹਿਰਤਰਫ਼ਨੂੰ ਦੌੜ ਗਈਆਂ ਇਕਵਾਰਾ ਜੋ ਮੁਟਿਆਰਾ॥੨੧॥ ਕਾਫ਼ ਕਰੀ ਪੁਕਾਰ ਆਏ ਕੇ ਸੁਨਿਆ ਰਾਜੇਰਾਣੀ ਗੱਲ ਪਛਾਨੀ॥ ਲੈ

ਜ਼ਰ ਬ੍ਰਹਮਣ ਗੌਰਾਂ ਬੇਰੀ ਏਹੋ ਸਰਕਰਜਾਨੀ ਸਭੇ ਮਾਨੀ॥ ਇਤਨੀ ਬਾਤ ਸੁਣੀ ਜਾ ਗੌਰਾਂ ਮਨ ਮੈਂ ਬਹੁਤ ਪਛਾਨੀ ਲਿਖੇ ਕਹਾਨੀ॥ ਨਾਗਰ ਰਾਮ ਜਦ ਗਈ ਪਤ੍ਰਕਾ ਸ਼ਿਵਨੇ ਜੰਵ ਮੰਗਾਨੀ ਤੁਰਤ ਸਿਧਾਨੀ॥੨੨॥ ਕਾਫ਼ਕਢ ਕੇ ਨਾਦ ਸ਼ਿਵਾਂਨੇ ਮੁਖ ਪਰ ਚਾੜ ਬਜਾਇਆ ਸ਼ਬਦ ਸੁਨਾਇਆ॥ ਬਾਰਾਂ ਬਰਸਕੇ ਬਨ ਗਏ ਬਾਲਕ ਮੱਥੇ ਚੰਦ੍ਰਮਾ ਛਾਇਆਖੂਬਸੁਹਾਇਆ॥ ਬਿਸ਼ਨੁ ਆਇਕੇ ਚੌਰੀ ਕਰਦਾ ਬ੍ਰਹਮੇ ਬੇਦ ਸੁਨਾਇਆ ਧਯਾਨ ਲਗਾਇਆ॥ ਨਾਗਰ ਰਾਮ ਤੇਤੀਸ ਕਰੋੜੀ ਸਭੀ ਦੇਵਤਾ ਆਇਆਅੰਤਨਪਾਇਆ॥੨੩॥ ਲਾਮਲੈਲੜ ਕਿਓਂ ਕੋ ਰਾਜਾ ਪਾਸਸ਼ਿਵਾਂਦੇਆਇਆਬਚਨ ਸੁਨਾਇਆ॥ ਤੇਰੇ ਲੜਕੇ ਭੁਖੇ ਹੋਨਗੇ ਏਨਾਂ

ਨਹੀਂ ਕੁਛ ਖਾਇਆ ਭੋਜਨ ਭਾਇਆ॥ ਕੱਢ ਸ਼ਿਵਾਂ ਨੇ ਹਨੂੰ ਛਨਿੱਛਰ ਰਾਜੇ ਹੱਥ ਫੜਾ-ਇਆ ਉਂਗਲੀ ਲਾਇਆ॥ ਨਾਗਰ ਰਾਮ ਜ ਦੋਂ ਲੜਕਿਓਂ ਕੇ ਰਾਜਾ ਲੈ ਘਰ ਆਇਆ ਬ'ਲਮੰਗਾਇਆ॥ ੨੪॥ ਮੀਮ ਮੁਖ ਸੇ ਬੋਲੇ ਲੜਕੇ ਜਬ ਕਾ ਮੂੰਡ ਮੁੰਡਾਇਆ ਬਾਲ ਨਾ ਆਇਆ॥ ਕਬੀ ਨਾ ਡਿੱਠਾ ਬਰਤਨ ਰਾਜਾ ਖੁੱਲ੍ਹਾ ਭੋਜਨ ਖਾਇਆ ਜੋ ਦਿਲ ਆਇਆ॥ ਰਾਜੇ ਹਿਮੰਚਲ ਕੀਨੀ ਆਗਜਾ ਸਦ ਅੰਦਰ ਮੰਗਵਾਇਆ ਨਾਲ ਲੈ ਆਇਆ॥ ਨਾਗਰ ਰਾਮ ਜੇ ਹਨੂ ਛਨਿੱਛਰ ਜੋ ਜੰਦਰਾ ਸੀ ਲਾ ਇਆ ਸ਼ੋਰ ਮਚਾਇਆ॥ ੨੫॥ ਨੂਨਨਜਰ ਜੋ ਆਇਆ ਲੜਕਿਆਂ ਚੁਕ ਚੁਕ ਮੁਖਵਿਚ ਪਾਇਆ ਸਭੀ ਖਪਾਇਆ॥ ਤਿਨ ਸੈ ਸਠ

ਕੋਠਾ ਸੀ ਭਰਿਆ ਜੋ ਕੁਛ ਧਰਾ ਧਰਾਇਆ ਸਭ ਮੁਕਾਇਆ॥ ਦੋ ਦੋ ਹਥ ਜ਼ਮੀਨ ਖੁਰਚ ਕੇ ਕੰਧੀ ਹਥ ਲਗਾਇਆ ਦੰਦ ਝੜਾਇਆ॥ ਨਾਗਰ ਰਾਮ ਲੜਕਿਆ ਨੂੰ ਆਕੇ ਰਾਜੇ ਸੁਖਨ ਸੁਨਾਇਆ ਜੋ ਦਿਲ ਆਇਆ॥੨੫॥ ਵਾਉ ਵੇਖਕੇ ਰਾਜਾ ਕਹਿੰਦਾ ਕੋਠੇ ਮਾਰ ਮੁਕਾਏ ਸੱਭ ਪਚਾਏ॥ ਮਾਤ ਪਿਤਾ ਭ੍ਰਮਨੇ ਨਹੀਂ ਖਾਧੇ ਜਿਨਾ ਨੇ ਐਸੇ ਜਾਏ ਖਾਨ ਗਿਝਾਏ॥ ਫੇਰ ਖਾਏ ਨਹੀਂ ਗੁਰੂ ਆਪਨੇ ਜਿਨਾ ਨੇ ਐਸੇ ਜਾਏ ਮੁੰਡ ਮੁੰਡਾਏ॥ ਨਾਗਰ ਰਾਮ ਦੋਇ ਲੜਕੇ ਘੁਲਦੇ ਪਾਸ ਸ਼ਿਵਾਂਦੇ ਆਏ ਸ਼ਬਦ ਸੁਨਾਏ ॥੨੭॥ ਹੇ ਹੱਥ ਵਿਚ ਝੋਲੀ ਦੇ ਪਾ ਸ਼ਿਵਜੀ ਟੁਕੜਾ ਦੀਨਾ ਇਹ ਕੰਮ ਕੀਨਾ॥ ਜਬ ਲੜਕਿਆਂ ਨੇ ਟੁਕੜਾ ਖਾਧਾ ਉਦਰ ਤ੍ਰਿਪਤ ਨਿਜ ਕੀਨਾ

ਸਭ ਦੁਖ ਛੀਨਾ॥ ਆਇ ਹਿਮੰਚਲ ਅਰਜ਼ਾਂ
ਕਰਦਾ ਹੋਕੇ ਬਹੁਤ ਅਧੀਨਾ ਵਾਂਗ ਕਮੀਨਾ॥
ਨਾਗਰਰਾਮ ਝੋਲੀ ੱਥ ਪਾਕੇ ਰਾਵਲ ਸ਼ਿਵ
ਨੇ ਦੀਨਾ ਵਰ ਪ੍ਰਬੀਨਾ॥ ੨੮॥ ਲਾਮ ਲੈ
ਆਇਆ ਇਕ ਰਾਵਲ ਸ਼ਿਵ ਸੋ ਪਾਇਆ
ਘਰੇ ਵਿਚ ਸਾਰੇ ਭਰੇ ਭੰਡਾਰੇ ॥ ਕੀਤੀ ਜੰਵ
ਸ਼ਹਿਰ ਵਿਚ ਦਾਖ਼ਲ ਵਜਨ ਢੋਲ ਨਗਾਰੇ
ਬੇਸ਼ੁਮਾਰੇ॥ ਹੋਇਆ ਵਿਆਹ ਜੋ ਸ਼ਿਵ ਚੌਦਸ
ਦਾ ਬ੍ਰਹਮਾ ਬੇਦ ਉਚਾਰੇ ਖੜਾ ਪੁਕਾ ੇ॥ ਨਾ
ਗਰ ਰਾਮ ਜੋ ਗਾਵਨ ਸਖੀਆਂ ੱਜਨ ਢੋਲ
ਨਗਾਰੇ ਕੇਈ ਹਜ਼ਾਰੇ॥ ੨੯॥ ਹਮਜ਼ਾ ਇਕ
ਦਿਨ ਜਦੋਂ ਬੀਤਿਆ ਜੰਵ ਰਹੀ ਦਿਨ ਢਾਈ
ਖ਼ੁਸ਼ੀ ਮਨਾਈ॥ ਭਾਂਤ ਭਾਤ ਦੇ ਗਹਿਨੇ ਕੱਪੜੇ
ਵੇਖਨ ਨੂੰ ਸਭ ਆਈ ਹੁਮ ਹੁਮਾਈ ॥ ਕੀਆ

ਸੰਕਲਪ ਮਾਪਿਆਂ ਉਸਦਾ ਦੀਨੀ ਲੇਫ਼ ਤੁਲਾਈ ਬਾਜ ਬਨਾਈ॥ ਨਾਗਰ ਰਾਮ ਤਦ ਗੌਰਾਂ ਆਖਿਆ ਸ਼ਿਵ ਦੇ ਪੱਲੇ ਪਾਈ ਮਗਰੇ ਲਾਈ॥ ੩੦॥ ਧੇ ਜਾ ਕੈਲਾਸ ਪਰ ਦਾਖ਼ਲ ਹੋਏ ਬੈਠਾ ਤਾੜੀ ਲਾਕਰ ਧਿਆਨ ਲਗਾਕੇ ॥ ਬ੍ਰਹਮਾਂ ਬਿਸਨ ਅਰ ਜਿਤੇ ਦੇਵਤਾ ਮੁਖ ਆਗਜਾ ਪਾਕਰ ਬਚਨ ਸੁਨਾਕਰ ॥ ਸ਼ਿਵ ਸੰਭੂਦੀ ਆਗਜਾ ਪਾਈ ਗਏ ਘਰਾਂ ਨੂੰ ਧਾਕੇ ਕਦਮ ਉਠਾਕਰ॥ ਨਾਗਰ ਰਾਮ ਫਗਵਾੜੇ ਵਿੱਚ ਬੈਠਾਂ ਕਹੇ ਬਨਾ ਕਰ ਮਨ ਚਿਤ ਲਾਕੇ ॥੩੧॥

ਸੰਮਤ ਨਾਨਕ ਜੀ ੪੩੦

ਸੰਨ ੧੯੯੯